**ਪੰਜਾਬ ਸਰਕਾਰ**
**ਸਿੱਖਿਆ ਵਿਭਾਗ**

ਵੱਲ :

**ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪੰਜਾਬ**
**ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ.), ਪੰਜਾਬ**
**ਸਮੂਹ ਸਕੂਲ ਮੁਖੀ, ਸਰਕਾਰੀ ਸਕੂਲ, ਪੰਜਾਬ**

ਮੀਮੋ ਨੰ : 13/1-2018/SSA/MIS/12951
ਮਿਤੀ : ਚੰਡੀਗੜ੍ਹ 08 ਮਈ, 2018

**ਵਿਸ਼ਾ : ਸਕੂਲਾਂ ਵਿਚ ਲਗਾਈ ਜਾਂਦੀ ਬਾਇਓਮੈਟਰਿਕ ਹਾਜਰੀ ਸਬੰਧੀ।**

1.0 ਸਿੱਖਿਆ ਵਿਭਾਗ ਵਲੋਂ ਪੰਜਾਬ ਰਾਜ ਦੇ ਲਗਭਗ 900 ਪ੍ਰਇਮਰੀ, ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿਚ ਆਧਾਰ ਬੇਸਡ ਬਾਇਓਮੈਟਰਿਕ ਹਾਜਰੀ ਸਿਸਟਮ ਲਾਗੂ ਕੀਤਾ ਗਿਆ ਹੈ। ਇਸ ਸਿਸਟਮ ਅਧੀਨ ਅਧਿਆਪਕਾਂ ਦੀ ਹਾਜਰੀ ਲਗਾਉਣ ਲਈ ਸਕੂਲ ਨੂੰ ਇੱਕ ਬਾਇਓਮੈਟਰਿਕ ਹਾਜਰੀ ਮਸ਼ੀਨ ਦਿੱਤੀ ਗਈ ਹੈ ਅਤੇ ਇਸ ਹਾਜਰੀ ਮਸ਼ੀਨ ਨੂੰ ਕਿਸੇ ਵੀ Android ਫੋਨ ਨਾਲ ਜੋੜ ਕੇ ਅਤੇ ਸਿੱਖਿਆ ਵਿਭਾਗ ਦੀ ਮੋਬਾਇਲ ਐਪ (epunjab Adhar Attendance) ਡਾਊਨਲੋਡ ਕਰਕੇ ਸਕੂਲ ਵਿਚ ਮੌਜੂਦ ਸਟਾਫ ਦੀ ਹਾਜਰੀ ਲਗਾਈ ਜਾਣੀ ਹੈ। ਇਸ ਮੋਬਾਇਲ ਐਪ ਨੂੰ ਸਕੂਲ ਦੇ 3-4 ਅਧਿਆਪਕਾਂ ਦੇ ਮੋਬਾਇਲ ਉੱਤੇ ਇੰਨਸਟਾਲ ਕੀਤਾ ਜਾਵੇ ਤਾਂ ਜੋ ਜੇਕਰ ਇੱਕ ਅਧਿਆਪਕ ਛੁੱਟੀ ਉੱਤੇ ਹੈ ਤਾਂ ਬਾਕੀ ਅਧਿਆਪਕ ਕੋਈ ਹੋਰ ਮੋਬਾਇਲ ਜਿਸ ਵਿਚ ਹਾਜਰੀ ਐਪ ਹੈ ਤੋਂ ਹਾਜਰੀ ਲਗਾ ਸਕਣ। ਜੇਕਰ ਕੋਈ ਸਟਾਫ ਮੈਂਬਰ ਛੁੱਟੀ ਉੱਤੇ ਹੈ ਤਾਂ ਉਸ ਦੀ ਛੁੱਟੀ ਆਨਲਾਈਨ ਬਾਇਮੈਟਰਿਕ ਸਿਸਟਮ ਨਾਲ ਲਗਾਈ ਜਾਵੇ।

2.0 ਕਿਉਂ ਕਿ ਇਹ ਹਾਜਰੀ ਸਿਸਟਮ ਆਧਾਰ ਕਾਰਡ ਨਾਲ ਲਿੰਕ ਹੈ ਇਸ ਲਈ ਹਰੇਕ ਸਟਾਫ ਮੈਂਬਰ ਦਾ ਆਧਾਰ ਕਾਰਡ ਨੰਬਰ ਈਪੰਜਾਬਸਕੂਲ ਪੋਰਟਲ ਉੱਤੇ ਦਰਜ ਕੀਤਾ ਗਿਆ ਹੋਵੇ। ਜੇਕਰ ਕਿਸੇ ਸਟਾਫ ਮੈਂਬਰ ਦੀ ਹਾਜਰੀ ਨਹੀਂ ਲੱਗ ਰਹੀ ਹੈ ਤਾਂ ਉਸ ਨੂੰ ਨੇੜਲੇ ਕਿਸੇ ਆਧਾਰ ਅਪਡੇਸ਼ਨ ਸੈਂਟਰ ਵਿਚ ਜਾ ਕੇ ਆਪਣੀ ਬਾਇਓਮੈਟਰਿਕ ਦੁਬਾਰਾ ਸਕੈਨ ਕਰਵਾਉਣ ਲਈ ਕਿਹਾ ਜਾਵੇ। ਇਹ ਬਾਇਓਮੈਟਰਿਕ ਅਪਡੇਸ਼ਨ 10 ਤੋਂ 15 ਦਿਨ੍ਹਾਂ ਵਿਚ ਮੁੱਖ ਦਫਤਰ UID ਵਲੋਂ ਕੀਤੀ ਜਾਂਦੀ ਹੈ। ਸਟਾਫ ਆਪਣੀ 10 ਉਂਗਲਾਂ ਵਿਚੋਂ ਕਿਸੇ ਨਾਲ ਵੀ ਹਾਜਰੀ ਲਗਾ ਸਕਦਾ ਹੈ। ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਹਰ ਅਧਿਆਪਕ ਬਾਇਓਮੈਟਰਿਕ ਹਾਜਰੀ ਲਗਾਏਗਾ ਭਾਵੇ ਉਹ ਬਾਇਓਮੈਟਰਿਕ ਵਾਲੇ ਸਕੂਲ ਵਿਚ ਡੈਪੂਟੇਸ਼ਨ ਉੱਤੇ ਹੈ ਜਾਂ ਆਰਜੀ ਡਿਊਟੀ ਉੱਤੇ।

3.0 ਸਕੂਲ ਮੁਖੀ ਦੀ ਇਹ ਜਿੰਮੇਵਾਰੀ ਹੈ ਕਿ ਉਹ ਬਾਇਓਮੈਟਰਿਕ ਮਸ਼ੀਨ ਨੂੰ ਚੰਗੀ ਤਰ੍ਹਾਂ ਨਾਲ ਸੰਭਾਲ ਕੇ ਰੱਖੇ ਅਤੇ ਆਪਣੀ ਗੈਰਹਾਜਰੀ ਵਿਚ ਇਹ ਮਸ਼ੀਨ ਕਿਸੇ ਭਰੋਸੇਯੋਗ ਅਧਿਆਪਕ ਜਿਸ ਦੇ ਮੋਬਾਇਲ ਵਿਚ ਹਾਜਰੀ ਐਪ ਹੈ ਨੂੰ ਦੇ ਕੇ ਜਾਵੇ ਤਾਂ ਜੋ ਸਮੂਹ ਸਟਾਫ ਦੀ ਹਾਜਰੀ ਲਗਾਈ ਜਾ ਸਕੇ।

4.0 ਜੇਕਰ ਬਾਇਓਮੈਟਰਿਕ ਮਸ਼ੀਨ ਨਾਲ ਕਿਸੇ ਕਿਸਮ ਦੀ ਛੇੜ-ਛਾੜ ਕੀਤੀ ਜਾਂਦੀ ਹੈ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ ਅਤੇ ਅਜਿਹੇ ਕੇਸ ਵਿਚ ਨਵੀਂ ਮਸ਼ੀਨ ਦੀ ਖਰੀਦ ਵੀ ਸਕੂਲ ਮੁਖੀ ਵਲੋਂ ਆਪਣੇ ਖਰਚੇ ਤੇ ਕੀਤੀ ਜਾਵੇਗੀ। ਛੇੜ-ਛਾੜ ਵਾਲੀ ਮਸ਼ੀਨ ਦੀ ਲੈਬ ਤੋਂ ਟੈਸਟਿੰਗ ਵੀ ਕਰਵਾਈ ਜਾਵੇਗੀ।

5.0 ਜੇਕਰ ਬਾਇਓਮੈਟਰਿਕ ਮਸ਼ੀਨ ਉੱਤੇ ਹਾਜਰੀ ਲਗਾਉਣ ਵਿਚ ਕਿਸੇ ਕਿਸਮ ਦੀ ਕੋਈ ਸਮੱਸਿਆ ਪੇਸ਼ ਆਉਂਦੀ ਹੈ ਤਾਂ ਸਕੂਲ ਮੁਖੀ ਵਲੋਂ ਤੁਰੰਤ ਆਪਣੇ ਜਿਲ੍ਹੇ ਦੇ ਜਿਲ੍ਹਾ ਐਮ.ਆਈ.ਐਸ. ਕੋਆਰਡੀਨੇਟਰ ਨਾਲ ਸੰਪਰਕ ਕੀਤਾ ਜਾਵੇਗਾ ਅਤੇ ਸਮੱਸਿਆ ਦਾ ਹੱਲ ਕਰਵਾਇਆ ਜਾਵੇਗਾ। ਹਾਜਰੀ ਨੂੰ ਮੁੱਖ ਦਫਤਰ ਵਲੋਂ ਰੋਜਾਨਾ ਘੋਖਿਆ ਜਾਂਦਾ ਹੈ ਅਤੇ ਹਾਜਰੀ ਨਾ ਲਗਾਉਣ ਵਾਲੇ ਸਟਾਂਫ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ।

**ਸਕੱਤਰ ਸਕੂਲ ਸਿੱਖਿਆ, ਪੰਜਾਬ**